# India's participation in the Intra-Afghan negotiations

September 12, 2020

## ਅੰਤਰ-ਅਫਗਾਨ ਵਾਰਤਾਲਾਪ ਵਿਚ ਭਾਰਤ ਨੇ ਲਿਆ ਹਿੱਸਾ

2 ਸਤੰਬਰ, 2020

ਵਿਦੇਸ਼ ਮੰਤਰੀ (EAM) ਨੇ ਵੀਡੀਓ ਕਾਨਫਰੰਸ ਟੈਕਨੋਲੋਜੀ ਦੇ ਜ਼ਰੀਏ 12 ਸਤੰਬਰ, 2020 ਨੂੰ ਦੋਹਾ ਵਿਖੇ ਹੋਈ ਅੰਤਰ-ਅਫਗਾਨ ਗੱਲਬਾਤ ਦੇ ਸ਼ੁਰੂਆਤੀ ਸਤਰ ਵਿੱਚ ਹਿੱਸਾ ਲਿਆ। ਵਿਦੇਸ਼ ਮੰਤਰੀ ਦੀ ਭਾਗੀਦਾਰੀ ਕ਼ਤਰ ਦੇ ਉਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਮਹਾਮਹਿਮ ਮੁਹੰਮਦ ਬਿਨ ਅਬਦੁੱਲ ਰਹਿਮਾਨ ਬਿਨ ਜਸੀਮ ਅਲ ਥਾਨੀ ਦੇ ਸੱਦੇ ਦੇ ਪ੍ਰਤੀਕਰਮ ਵਜੋਂ ਸੀ।

ਵਿਦੇਸ਼ ਮੰਤਰੀ ਨੇ ਆਪਣੇ ਸੰਬੋਧਨ ਵਿਚ ਭਾਰਤ ਅਤੇ ਅਫਗਾਨਿਸਤਾਨ ਦੇ ਹਜ਼ਾਰਾਂ ਸਾਲ ਪੁਰਾਣੇ ਸਬੰਧਾਂ ਦਾ ਜ਼ਿਕਰ ਕੀਤਾ, ਜੋ ਸਮੇਂ ਦੀ ਕਸੌਟੀ 'ਤੇ ਖਰੇ ਉਤਰੇ ਹਨ। ਵਿਦੇਸ਼ ਮੰਤਰੀ ਨੇ ਅਫਗਾਨਿਸਤਾਨ ਦੇ ਵੱਡੇ ਵਿਕਾਸ ਭਾਈਵਾਲ ਵਜੋਂ ਭਾਰਤ ਦੀ ਭੂਮਿਕਾ ਉਜਾਗਰ ਕਰਦੇ ਹੋਏ ਕਿਹਾ ਕਿ ਅਫਗਾਨਿਸਤਾਨ ਦੇ ਸਾਰੇ 34 ਸੂਬਿਆਂ ਵਿਚ 400 ਤੋਂ ਵੱਧ ਪ੍ਰਾਜੈਕਟ ਮੁਕੰਮਲ ਹੋ ਚੁੱਕੇ ਹਨ।

ਵਿਦੇਸ਼ ਮੰਤਰੀ ਨੇ ਕਿਹਾ ਕਿ ਅਫਗਾਨਿਸਤਾਨ ਬਾਰੇ ਭਾਰਤ ਦੀ ਨੀਤੀ ਲਗਾਤਾਰ ਇੱਕਸਾਰ ਰਹੀ ਹੈ। ਭਾਰਤ ਦਾ ਮੰਨਣਾ ਹੈ ਕਿ ਕੋਈ ਵੀ ਸ਼ਾਂਤੀ ਪ੍ਰਕ੍ਰਿਆ ਅਫਗਾਨੀ ਅਗਵਾਈ, ਮਲਕੀਅਤ ਅਤੇ ਕੰਟਰੋਲ ਤਹਿਤ ਹੋਣੀ ਚਾਹੀਦੀ ਹੈ, ਇਸਨੂੰ ਅਫਗਾਨਿਸਤਾਨ ਦੀ ਕੌਮੀ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਦਾ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਅਫਗਾਨਿਸਤਾਨ 'ਚ ਜਮਹੂਰੀ ਇਸਲਾਮਿਕ ਗਣਰਾਜ ਦੀ ਸਥਾਪਨਾ ਵਿੱਚ ਹੋਈ ਤਰੱਕੀ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ। ਘੱਟ ਗਿਣਤੀਆਂ, ਔਰਤਾਂ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਦੇ ਹਿਤਾਂ ਦੀ ਰਾਖੀ ਕੀਤੀ ਜਾਣੀ ਚਾਹੀਦੀ ਹੈ ਅਤੇ ਦੇਸ਼ ਅਤੇ ਇਸ ਦੇ ਗੁਆਂਢ ਵਿਚ ਹਿੰਸਾ ਦੇ ਮੁੱਦੇ ਨਾਲ ਕਾਰਗਰ ਢੰਗ ਨਾਲ ਨਜਿੱਠਿਆ ਜਾਣਾ ਚਾਹੀਦਾ ਹੈ।

ਵਿਦੇਸ਼ ਮੰਤਰੀ ਨੇ ਅਫਗਾਨਿਸਤਾਨੀ ਲੋਕਾਂ ਨੂੰ ਅੰਤਰ-ਅਫਗਾਨ ਗੱਲਬਾਤ ਦੀ ਸਫਲਤਾ ਲਈ ਸ਼ੁਭ ਕਾਮਨਾਵਾਂ ਦਿੱਤੀਆਂ, ਉਹ ਚੀਜ਼ ਦੀ ਪ੍ਰਾਪਤੀ ਵਿਚ ਜਿਸ ਦੀ ਉਹ ਲੰਮੇ ਸਮੇਂ ਤੋਂ ਇੱਛਾ ਰੱਖਦੇ ਹਨ - ਆਜ਼ਾਦ ਅਤੇ ਖੁਦ ਮੁਖਤਾਰ ਦੇਸ਼ ਵਿਚ ਸ਼ਾਂਤਮਈ ਅਤੇ ਖੁਸ਼ਹਾਲ ਭਵਿੱਖ।

ਵਿਦੇਸ਼ ਮੰਤਰਾਲੇ ਵਿਚ ਸੰਯੁਕਤ ਸਕੱਤਰ (PAI) ਸ਼੍ਰੀ ਜੇ ਪੀ ਸਿੰਘ ਦੀ ਅਗਵਾਈ ਵਿਚ ਇੱਕ ਸੀਨੀਅਰ ਸਰਕਾਰੀ ਵਫ਼ਦ ਨੇ ਦੋਹਾ ਅੰਦਰ ਹੋਏ ਉਦਘਾਟਨੀ ਸਮਾਰੋਹ ਵਿੱਚ ਹਿੱਸਾ ਲਿਆ।

ਨਵੀਂ ਦਿੱਲੀ
12 ਸਤੰਬਰ, 2020

DISCLAIMER: This is an approximate translation. The original is available in English on MEA's website and may be referred to as the official press release.